ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: 2492 ਮਿਤੀ: 18/8/23

ਵਿਸ਼ਾ:- ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ :18/08/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ:62,63 ਮਿਤੀ 18/08/2023 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਸੁਪਰਡੰਟ (ਅਜੰਡਾ),
ਨਗਰ ਨਿਗਮ, ਫਗਵਾੜਾ।

ਪਿੱਠ ਅੰਕਣ ਨੰ: 2493-2496 ਮਿਤੀ: 18/8/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ(ਅਜੰਡਾ),
ਨਗਰ ਨਿਗਮ, ਫਗਵਾੜਾ।

ਦਫਤਰ ਨਗਰ ਨਿਗਮ ਫਗਵਾੜਾ.
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਮਿਤੀ 18/08/2023 ਨੂੰ ਡਾ. ਨਯਨ ਪੀ.ਸੀ.ਐਸ. ਕਮਿਸ਼ਨਰ, ਨਗਰ ਨਿਗਮ, ਫਗਵਾੜਾ ਵੱਲੋ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 62<br>18/08/2023 | ਰਿਪੋਰਟ ਵੱਲੋ ਨਿਗਰਾਨ ਇੰਜੀਨੀਅਰ, ਨਗਰ ਨਿਗਮ, ਫਗਵਾੜਾ ਕਿ ਹੈਲਥ ਸ਼ਾਖਾ ਅਧੀਨ ਚੱਲ ਰਹੇ ਟਰੈਕਟਰ ਨੰ: **PB09X7814** ਦੀ ਕਲੱਚ ਪਲੇਟਾਂ, ਪ੍ਰੈਸ਼ਰ ਪਲੇਟਾਂ ਦੀ ਰਿਪੇਅਰ ਅਤੇ ਸਰਵਿਸ ਕਰਵਾਉਣ ਸਬੰਧੀ ਇਸ ਦਫਤਰ ਦੇ ਪੱਤਰ ਨੰ: 1683 ਮਿਤੀ 18-07-2023 ਰਾਹੀਂ ਹੈਲਥ ਸ਼ਾਖਾ ਦੇ ਆਰਜੀ ਡਰਾਇਵਰ ਸ਼੍ਰੀ ਅਸ਼ਵਨੀ ਕੁਮਾਰ ਵਲੋ ਬੇਨਤੀ ਕੀਤੀ ਗਈ ਹੈ ਕਿ ਹੈਲਥ ਸ਼ਾਖਾ ਅਧੀਨ ਚੱਲ ਰਹੇ ਟਰੈਕਟਰ ਨੰ: **PB09X7814** ਦੀ ਕਲੱਚ ਪਲੇਟਾਂ, ਪ੍ਰੈਸ਼ਰ ਪਲੇਟਾਂ ਦੀ ਰਿਪੇਅਰ ਅਤੇ ਸਰਵਿਸ ਕਰਵਾਉਣੀ ਜਰੂਰੀ ਹੋ ਗਈ ਹੈ। ਇਸ ਦਾ ਕਲੱਚ ਅਤੇ ਪ੍ਰੈਸ਼ਰ ਪਲੇਟਾਂ ਪੂਰੀ ਤਰ੍ਹਾ ਖਰਾਬ ਹੋ ਚੁੱਕੀਆ ਹਨ। ਜਿਸ ਕਾਰਣ ਕੂੜੇ ਦੀ ਲਿਫਟਿੰਗ ਵਿੱਚ ਬਹੁੱਤ ਮੁਸ਼ਕਿਲ ਆ ਰਹੀ ਹੈ।ਇਸ ਲਈ ਇਸ ਟਰੈਕਟਰ ਨੂੰ ਠੀਕ ਕਰਵਾਉਣਾ ਜਰੂਰੀ ਹੈ। ਇਸ ਟਰੈਕਟਰ ਦੀ ਰਿਪੇਅਰ ਅਤੇ ਸਰਵਿਸ ਕਰਵਾਉਣ ਲਈ ਘੁੰਮਣ ਆਟੋਮੋਬਾਇਲ ਪ੍ਰਾ.ਲਿ. ਜੀ.ਟੀ. ਰੋਡ ਫਗਵਾੜਾ ਵਲੋ ਐਸਟੀਮੇਟ ਲਿਆ ਗਿਆ ਹੈ। ਇਸ ਐਸਟੀਮੇਟ ਮੁਤਾਬਕ ਇਸ ਟਰੈਕਟਰ ਦੀ ਰਿਪੇਅਰ ਅਤੇ ਸਰਵਿਸ ਕਰਵਾਉਣ ਵਿੱਚ ਲਗਭਗ 22051/- ਰੁਪਏ ਦਾ ਖਰਚ ਆਉਣ ਦੀ ਸੰਭਾਵਨਾ ਹੈ। ਉਕਤ ਕੰਮ ਨੂੰ ਕਰਵਾਉਣ ਲਈ ਹਾਉਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/**MEO/DA/334** ਮਿਤੀ 23/03/2020 ਰਾਹੀ ਹਾਉਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆ ਗਈਆ ਹਨ। ਇਸ ਲਈ ਜੇਕਰ ਪ੍ਰਵਾਨ ਹੋਵੇ ਤਾਂ ਉਕਤ ਕੰਮ ਨੂੰ ਕਰਵਾਉਣ ਲਈ ਮਤਾ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | ------ | ਸੂਚਨਾ ਹਿੱਤ। |
| 2 | 63<br>18/08/2023 | ਰਿਪੋਰਟ ਵੱਲੋਂ ਚੀਫ ਸੈਨੇਟਰੀ ਇੰਸਪੈਕਟਰ, ਨਗਰ ਨਿਗਮ, ਫਗਵਾੜਾ ਕਿ ਨਗਰ ਨਿਗਮ ਫਗਵਾੜਾ ਵਲੋਂ 134 ਸਫਾਈ ਸੇਵਕ ਆਊਟਸੋਰਸ ਤੇ ਰੱਖਣ ਲਈ 47,29,678/- ਰੁਪਏ ਦੀ ਰਾਸ਼ੀ ਦੇ ਕੰਮ ਦਾ ਟੈਂਡਰ ਲਗਾਇਆ ਗਿਆ ਸੀ। ਇਹ ਕੰਮ CNC | ------ | ਸੂਚਨਾ ਹਿੱਤ। |

# ਦਫਤਰ ਨਗਰ ਨਿਗਮ ਫਗਵਾੜਾ
# OFFICE OF THE MUNICIPAL CORPORATION PHAGWARA

TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

| | | | | |
|---|---|---|---|---|
| | | Precision Engineering, Model Town, Phagwara ਨੂੰ ਵਰਕ ਆਰਡਰ ਨੰ: 80/SE ਮਿਤੀ 19-05-2023 ਰਾਹੀਂ ਅਲਾਟ ਕੀਤਾ ਗਿਆ ਸੀ। ਠੇਕੇ ਦੀ ਮਿਆਦ 4 ਮਹੀਨੇ ਦੀ ਸੀ ਜੋ ਕਿ ਮਿਤੀ 19-09-2023 ਨੂੰ ਖਤਮ ਹੋ ਰਹੀ ਹੈ। ਸ਼ਹਿਰ ਦੀ ਸਫਾਈ ਦੇ ਕੰਮ ਅਤੇ ਸਵੱਛ ਸਰਵੇਖਣ 2023 ਨੂੰ ਮੁੱਖ ਰੱਖਦੇ ਹੋਏ 134 ਸਫਾਈ ਸੇਵਕਾਂ ਤੋਂ ਆਊਟਸੋਰਸ ਤੇ ਕੰਮ ਕਰਵਾਉਣ ਲਈ ਨਵਾਂ ਟੈਂਡਰ 3 ਮਹੀਨੇ ਲਈ ਲਗਵਾਉਣ ਲਈ ਰੁਪਏ 49,42,630/- ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਇੱਥੇ ਇਹ ਦੱਸਣਯੋਗ ਹੈ ਕਿ ਮਾਨਯੋਗ ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 5/71/2017/MEO/DA/334 ਮਿਤੀ 23-03-2020 ਰਾਹੀਂ ਹਾਊਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਨੂੰ ਦਿੱਤੀਆਂ ਗਈਆਂ ਸਨ। ਇਸ ਲਈ ਸਫਾਈ ਦੇ ਕੰਮ ਨੂੰ ਮੁੱਖ ਰੱਖਦੇ ਹੋਏ ਉਕਤ ਕੰਮ ਦਾ ਟੈਂਡਰ ਲਗਾਉਣ ਲਈ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਮਤਾ ਪੇਸ਼ ਹੈ ਜੀ। | | |

ਤਸਦੀਕੀ ਕਾਪੀ

ਸੁਪਰਡੰਟ(ਅਮਲਾ),
ਨਗਰ ਨਿਗਮ, ਫਗਵਾੜਾ